# ਉੱਤਰ ਪ੍ਰਦੇਸ਼ ਵਿਚ ਜਦੋਂ-ਜਦੋਂ ਬੀ.ਐਸ.ਪੀ. ਦੀ ਸਰਕਾਰ ਬਣੀ ਹੈ, ਸਿੱਖਿਆ ਨੂੰ ਸਰਵਉੱਚ ਪਹਿਲ ਦਿੰਦਿਆਂ ਹੋਇਆਂ ਅਨੇਕਾਂ ਮਹੱਤਵਪੂਰਨ ਅਤੇ ਦੂਰਦਰਸ਼ੀ ਫੈਸਲੇ ਲਏ ਗਏ ਹਨ, ਜਿਨ੍ਹਾਂ ਵਿਚੋਂ ਕੁਝ ਖਾਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-



**ਕੁਮਾਰੀ ਮਾਇਆਵਤੀ**
ਮਾਣਯੋਗ ਮੁੱਖ ਮੰਤਰੀ, ਉੱਤਰ ਪ੍ਰਦੇਸ਼

- ਪਹਿਲੇ ਸ਼ਾਸਨ ਕਾਲ ਵਿਚ ਹੀ 'ਡਾ. ਅੰਬੇਡਕਰ ਗਰਾਮ ਯੋਜਨਾ' ਦੇ ਤਹਿਤ ਹਰੇਕ ਅੰਬੇਡਕਰ ਗਰਾਮ ਨੂੰ ਪ੍ਰਾਇਮਰੀ ਸਕੂਲਾਂ ਨਾਲ ਜੋੜਨ ਦਾ ਫੈਸਲਾ।
- ਪ੍ਰਾਇਮਰੀ ਸਕੂਲਾਂ ਦੇ ਪੱਛੜੇ ਖੇਤਰ ਵਿਚ 7093 ਨਵੇਂ ਪ੍ਰਾਇਮਰੀ ਅਤੇ 2217 ਸਕੂਲਾਂ ਦੀ ਸਥਾਪਨਾ।
- 3858 ਖਸਤਾ ਹਾਲ ਸਕੂਲ ਇਮਾਰਤਾਂ ਦਾ ਪੁਨਰ ਨਿਰਮਾਣ।
- ਪ੍ਰਾਇਮਰੀ ਸਕੂਲਾਂ ਦੀ ਮੁਢਲੀਆਂ ਸਹੂਲਤਾਂ ਵਿਚ ਵਾਧਾ। ਜਿਵੇਂ, ਇਮਾਰਤਾਂ ਦਾ ਨਿਰਮਾਣ/ਪੁਨਰ ਨਿਰਮਾਣ, ਵਾਧੂ ਕਲਾਸ-ਰੂਮਾਂ ਦਾ ਨਿਰਮਾਣ ਅਤੇ ਉਨ੍ਹਾਂ ਦੇ ਬਿਜਲੀਕਰਣ, ਹੈਂਡਪੰਪ ਅਤੇ ਪਖਾਨਿਆਂ ਆਦਿ ਦਾ ਨਿਰਮਾਣ।
- ਪ੍ਰਾਇਮਰੀ ਅਧਿਆਪਕਾਂ ਦੀਆਂ 88,000 ਖਾਲੀ ਅਸਾਮੀਆਂ ਲਈ ਭਰਤੀ ਆਰੰਭ। ਹੁਣ ਤੱਕ 60,000 ਅਧਿਆਪਕਾਂ ਦੀ ਭਰਤੀ ਮੁਕੰਮਲ।
- ਵਿਦਿਆਰਥੀ-ਅਧਿਆਪਕ ਅਨੁਪਾਤ ਨੂੰ ਸੁਧਾਰਨ ਲਈ ਪ੍ਰਾਇਮਰੀ ਸਕੂਲਾਂ ਵਿਚ 43200 ਸਿੱਖਿਆ ਕਰਮੀਆਂ ਦੀ ਨਿਯੁਕਤੀ।
- ਸਿੱਖਿਆ ਗਾਰੰਟੀ ਕੇਂਦਰ ਅਤੇ ਬਦਲਵੇਂ ਅਤੇ ਆਧੁਨਿਕ ਸਿੱਖਿਆ ਦੇ ਤਹਿਤ 9188 ਵਿੱਦਿਆ ਕੇਂਦਰ ਅਤੇ ਬਦਲਵੇਂ ਸਿੱਖਿਆ ਕੇਂਦਰ ਖੋਲ੍ਹੇ ਗਏ।
- 666 ਪੁਰਾਣੇ ਮਿਡਲ ਸਿੱਖਿਆ ਕੇਂਦਰਾਂ ਦਾ ਮਜ਼ਬੂਤੀਕਰਨ।
- ਕਲਾਸ 6ਵੀਂ ਤੋਂ 8ਵੀਂ ਦੇ ਪੱਧਰ ਤੱਕ ਲੜਕੀਆਂ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਅਤੇ ਲੜਕੀਆਂ ਦੇ ਮਜ਼ਬੂਤੀਕਰਨ ਲਈ ਮੀਨਾ ਮੰਚ ਪ੍ਰੋਗਰਾਮ ਦਾ ਸ਼ੁੱਭ ਆਰੰਭ ਅਤੇ 700 ਮੰਚ ਗਠਿਤ।
- ਪ੍ਰਾਇਮਰੀ ਸਕੂਲਾਂ ਵਿਚ ਅੰਗਰੇਜ਼ੀ ਦੀ ਪੜ੍ਹਾਈ 6ਵੀਂ ਕਲਾਸ ਦੀ ਥਾਂ ਪਹਿਲੀ ਕਲਾਸ ਤੋਂ ਹੀ ਆਰੰਭ ਕਰਵਾਈ ਗਈ, ਤਾਂ ਕਿ ਬੱਚੇ ਸ਼ੁਰੂ ਤੋਂ ਹੀ ਅੰਗਰੇਜ਼ੀ ਭਾਸ਼ਾ ਦਾ ਲੋੜੀਂਦਾ ਗਿਆਨ ਪ੍ਰਾਪਤ ਕਰ ਸਕਣ।
- ਕਲਾਸ ਪਹਿਲੀ ਤੋਂ 5ਵੀਂ ਤੱਕ ਦੇ ਸਮੁੱਚੇ ਬੱਚਿਆਂ ਅਤੇ ਕਲਾਸ 6ਵੀਂ ਤੋਂ 8ਵੀਂ ਤੱਕ ਦੀਆਂ ਸਾਰੀਆਂ ਲੜਕੀਆਂ ਅਤੇ ਅਨੁਸੂਚਿਤ ਜਾਤੀ ਤੇ ਜਨਜਾਤੀ ਬੱਚਿਆਂ ਨੂੰ ਮੁਫਤ ਪਾਠ-ਪੁਸਤਕਾਂ ਵੰਡੀਆਂ।
- ਨਿੱਜੀ ਪ੍ਰਬੰਧਨ ਵਾਲੇ 52 ਜਨਪਦਾਂ ਵਿਚ ਸੰਚਾਲਿਤ 577 ਪ੍ਰਾਇਮਰੀ ਸਕੂਲਾਂ ਵਿਚ ਅਧਿਆਪਕਾਂ ਨੂੰ ਤਨਖਾਹ ਗਰਾਂਟ ਦੇਣ ਦੇ ਇਲਾਵਾ 2,28,160 ਵਿਦਿਆਰਥੀਆਂ ਨੂੰ ਵਜ਼ੀਫਿਆਂ ਦੀ ਸਹੂਲਤ ਦਿੱਤੀ ਗਈ, ਜਿਸ ਵਿਚ ਭਾਰਤ ਸਰਕਾਰ ਦਾ ਕੋਈ ਯੋਗਦਾਨ ਨਹੀਂ ਹੈ।
- ਗਰੀਬ ਵਰਗਾਂ ਦੀਆਂ ਡਰਾਪ-ਆਊਟ ਲੜਕੀਆਂ ਦੀ 6ਵੀਂ ਤੋਂ 8ਵੀਂ ਕਲਾਸ ਤੱਕ ਰਿਹਾਇਸ਼ੀ ਸਿੱਖਿਆ ਲਈ 454 ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲੇ ਚਲਾਏ ਗਏ। ਇਸ ਲਈ 155 ਭਵਨਾਂ ਦਾ ਨਿਰਮਾਣ ਕਾਰਜ ਮੁਕੰਮਲ।
- ਸਾਲ 2010-11 ਵਿਚ ਨਵੇਂ ਭਵਨਾਂ ਦੇ ਨਿਰਮਾਣ ਦੀ ਯੋਜਨਾ। ਇਨ੍ਹਾਂ ਸਕੂਲਾਂ ਵਿਚ ਅਧਿਐਨ ਲਈ 40830 ਗਰੀਬ ਲੜਕੀਆਂ ਨੂੰ ਪੂਰਨ ਰੂਪ ਨਾਲ ਮੁਫਤ ਸਿੱਖਿਆ, ਭੋਜਨ, ਵਰਦੀਆਂ, ਕਿਤਾਬਾਂ ਅਤੇ ਹੋਸਟਲ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ। ਇਨ੍ਹਾਂ ਲੜਕੀਆਂ ਵਿਚੋਂ 42% ਅਨੁਸੂਚਿਤ ਜਾਤੀ/ਜਨਜਾਤੀ ਅਤੇ 36% ਹੋਰ ਪੱਛੜੇ ਵਰਗ ਦੀਆਂ ਵਿਦਿਆਰਥਣਾਂ ਸ਼ਾਮਿਲ ਹਨ।
- ਪਿਛਲੇ 3 ਸਾਲਾਂ ਵਿਚ 254 ਸਰਕਾਰੀ ਹਾਈ ਸਕੂਲਾਂ ਦਾ ਸੈਕੰਡਰੀ ਪੱਧਰ ਤੱਕ ਦਰਜਾ ਉੱਚਾ ਕੀਤਾ ਗਿਆ।
- ਪਿਛਲੇ 3 ਸਾਲਾਂ ਵਿਚ 54 ਇਮਾਰਤਾਂ ਤੋਂ ਵਾਂਝੇ ਸਰਕਾਰੀ ਹਾਇਰ-ਸੈਕੰਡਰੀ ਸਕੂਲਾਂ ਦੇ ਇਮਾਰਤਾਂ ਦਾ ਨਿਰਮਾਣ।
- ਪਿਛਲੇ 2 ਸਾਲਾਂ ਵਿਚ 97 ਸਰਕਾਰੀ ਹਾਇਰ ਸੈਕੰਡਰੀ ਸਕੂਲਾਂ ਵਿਚ ਵਧੇਰੇ ਕਲਾਸ ਰੂਮਾਂ ਅਤੇ ਪ੍ਰਯੋਗਸ਼ਾਲਾਵਾਂ ਦਾ ਨਿਰਮਾਣ।
- ਸ਼ਿਬਰਾਮਊ (ਫਾਰੂਖਾਬਾਦ) ਅਤੇ ਕੋਟਾ (ਸਹਾਰਨਪੁਰ) ਵਿਚ ਰਮਾਬਾਈ ਅੰਬੇਡਕਰ ਸਰਕਾਰੀ ਕੰਨਿਆ ਇੰਟਰ ਕਾਲਜ ਦੀ ਸਥਾਪਨਾ।
- ਨੋਇਡਾ ਅਤੇ ਗਰੇਟਰ ਨੋਇਡਾ ਵਿਚ ਵਿਦਿਆਰਥੀ-ਵਿਦਿਆਰਥਣਾਂ ਲਈ ਹੋਸਟਲ ਸਹਿਤ ਵੱਖਰੇ-ਵੱਖਰੇ ਇਕ-ਇਕ ਮਹਾਂਮਾਇਆ ਇੰਟਰ ਕਾਲਜ ਸਥਾਪਤ।
- ਡਾ. ਅੰਬੇਡਕਰ ਇੰਟਰ ਕਾਲਜ, ਊਂਚਾਹਾਰ, ਰਾਇਬ੍ਰੇਲੀ ਵਿਚ ਇਮਾਰਤਾਂ ਦੇ ਨਿਰਮਾਣ ਲਈ 10 ਲੱਖ ਰੁਪਏ ਦੀ ਵਿੱਤੀ ਸਹਾਇਤਾ।
- ਡਾ. ਅੰਬੇਡਕਰ ਹੋਸਟਲ, ਗੋਕੁਲਪੁਰਾ, ਆਗਰਾ ਦੇ ਸੁਧਾਰ ਲਈ 5 ਲੱਖ ਰੁਪਏ ਦੀ ਵਿੱਤੀ ਸਹਾਇਤਾ।
- ਅਨੁਸੂਚਿਤ ਜਾਤੀ/ਜਨਜਾਤੀ/ਹੋਰ ਪੱਛੜੇ ਵਰਗ/ਹੋਰ ਕਮਜ਼ੋਰ ਵਰਗਾਂ ਦੇ ਗਰੀਬੀ ਰੇਖਾ ਤੋਂ ਹੇਠਾਂ ਦਾ ਜੀਵਨ ਜਿਉਣ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਪਹਿਲੀ ਕਲਾਸ ਤੋਂ ਇੰਟਰ-ਮੀਡੀਏਟ ਤੱਕ ਦੀ ਸਿੱਖਿਆ ਲਈ 28,065 ਵਿਦਿਆਰਥੀ-ਵਿਦਿਆਰਥਣਾਂ ਦੀ ਸਮਰੱਥਾ ਵਾਲੇ 66 ਆਸ਼ਰਮ ਪਦਤੀ ਵਿਦਿਆਲਾ ਸੰਚਾਲਿਕ ਅਤੇ 10,560 ਦੀ ਸਮਰੱਥਾ ਸਹਿਤ 22 ਨਵੇਂ ਆਸ਼ਰਮ ਪਦਤੀ ਵਿਦਿਆਲਿਆਵਾਂ ਦਾ ਨਿਰਮਾਣ। ਵਿਦਿਆਰਥੀਆਂ ਨੂੰ ਭੋਜਨ, ਖਰਚ, ਪੁਸਤਕਾਂ ਅਤੇ ਵਸਤਰਾਂ ਤੇ ਨਿਰਧਾਰਤ ਧਨ ਰਾਸ਼ੀ ਵਿਚ ਰਿਕਾਰਡ ਤੋੜ ਵਾਧਾ।
- ਅਨੁਸੂਚਿਤ ਜਾਤੀ ਵਿਚ ਖਾਸ ਤੌਰ 'ਤੇ ਵਾਲਮੀਕ ਸਮਾਜ ਦੇ ਬੱਚਿਆਂ ਲਈ ਆਸ਼ਰਮ ਪਦਤੀ ਵਿਦਿਆਲਾ ਸੰਚਾਲਿਤ।
- ਗਰੀਬੀ ਰੇਖਾ ਤੋਂ ਹੇਠਾਂ ਜੀਵਨ ਜਿਊਣ ਵਾਲੇ ਬੀ.ਪੀ.ਐਲ. ਕਾਰਡ ਧਾਰਕਾਂ ਦੀਆਂ ਲੜਕੀਆਂ ਨੂੰ ਸਿੱਖਿਆ ਲਈ ਉਤਸ਼ਾਹਿਤ ਕਰਨ ਵਾਸਤੇ ਸਾਵਿਤਰੀ ਬਾਈ ਫੂਲੇ ਬਾਲਿਕਾ ਸਿੱਖਿਆ ਮਦ ਯੋਜਨਾ 15 ਜੁਲਾਈ 2009 ਤੋਂ ਆਰੰਭ। ਇਸ ਨਾਲ ਸਾਲ 2008-09 ਵਿਚ 86,686 ਅਤੇ ਸਾਲ 2009-10 ਵਿਚ 1,70,527 ਵਿਦਿਆਰਥਣਾਂ ਨੂੰ ਲਾਭ ਪ੍ਰਾਪਤ ਹੋਇਆ।
- ਹਰੇਕ ਸਲੇਬਸ ਅਨੁਸਾਰ ਵਿੱਦਿਅਕ ਸੰਸਥਾਵਾਂ ਵੱਲੋਂ ਸਮੁੱਚੀਆਂ ਦਾਖਲਾ ਸੀਟਾਂ ਦਾ ਵੱਧ ਤੋਂ ਵੱਧ 20 ਫੀਸਦੀ ਤੱਕ ਔਰਤਾਂ ਲਈ ਰਾਖਵਾਂਕਰਨ ਦਾ ਹੁਕਮ ਜਾਰੀ।
- ਸਮਾਜ ਦੇ ਕੰਮਕਾਜੀ ਅਤੇ ਕਮਜ਼ੋਰ ਵਰਗ ਦੇ ਬੱਚਿਆਂ/ਬੱਚੀਆਂ ਨੂੰ ਸਿੱਖਿਆ ਦੀ ਮੁੱਖ ਧਾਰਾ ਵਿਚ ਲਿਆਉਣ ਲਈ ਦੂਰਵਰਤੀ ਸਿੱਖਿਆ ਦੇ ਪ੍ਰਬੰਧ ਲਈ ਪੱਤਰਾਚਾਰ ਸਿੱਖਿਆ ਸੰਸਥਾਨ ਉੱਤਰ ਪ੍ਰਦੇਸ਼, ਇਲਾਹਾਬਾਦ ਦੇ ਸਥਾਨ 'ਤੇ ਸਟੇਟ ਓਪਨ ਵਿੱਦਿਆ ਪ੍ਰੀਸ਼ਦ ਦੀ ਸਥਾਪਨਾ।
- ਸੂਬੇ ਦੀ ਰਾਜਧਾਨੀ ਲਖਨਊ ਵਿਚ ਸਥਿਤ ਭਾਗੀਦਾਰੀ ਭਵਨ ਵਿਚ ਅਤੇ ਆਗਰਾ ਅਤੇ ਅਲੀਗੜ੍ਹ ਵਿਚ ਅਨੁਸੂਚਿਤ ਜਾਤੀ/ਜਨਜਾਤੀ ਦੇ ਲਈ ਆਈ.ਏ.ਐਸ. ਪ੍ਰੀਖਿਆ ਦੀ ਕੋਚਿੰਗ ਲਈ ਸਿੱਖਲਾਈ ਸੰਸਥਾ ਸਥਾਪਿਤ ਅਤੇ ਬਰੇਲੀ ਵਿਚ ਆਈ.ਏ.ਐਸ. ਅਤੇ ਪੀ.ਸੀ.ਐਸ. ਦੀ ਪ੍ਰੀਖਿਆ ਦੀ ਕੋਚਿੰਗ ਲਈ ਸਿਖਲਾਈ ਸੰਸਥਾ ਦੀ ਸਥਾਪਨਾ।
- ਸੂਬੇ ਵਿਚ 6 ਯੂਨੀਵਰਸਿਟੀਆਂ ਵਿਚ ਮਾਣਯੋਗ ਸ੍ਰੀ ਕਾਂਸ਼ੀ ਰਾਮ ਜੀ ਖੋਜ ਪੀਠ ਦੀ ਸਥਾਪਨਾ।
- ਡਾ. ਅੰਬੇਡਕਰ ਕੋਚਿੰਗ ਸੈਂਟਰ, ਆਗਰਾ ਦੀ ਸਥਾਪਨਾ।
- ਯੂਨੀਵਰਸਿਟੀਆਂ ਵਿਚ ਉਪਲਬਧ ਸੀਟਾਂ ਦੀ ਗਿਣਤੀ ਵਿਚ 20 ਫੀਸਦੀ ਦੇ ਵਾਧੇ ਦਾ ਫੈਸਲਾ। ਕੁਲਪਤੀ ਨੂੰ ਵੀ ਜ਼ਰੂਰਤ ਅਨੁਸਾਰ 5 ਫੀਸਦੀ ਸੀਟਾਂ ਵਧਾ ਸਕਣ ਦੇ ਅਧਿਕਾਰ ਪ੍ਰਦਾਨ।
- 13 ਮਾਨਤਾ ਪ੍ਰਾਪਤ ਜਨਪਦਾਂ ਵਿਚ ਸਰਕਾਰੀ ਕਾਲਜਾਂ ਦੀ ਸਥਾਪਨਾ।
- ਸੂਬੇ ਵਿਚ ਉਰਦੂ, ਅਰਬੀ, ਫਾਰਸੀ ਭਾਸ਼ਾਵਾਂ ਨੂੰ ਉਤਸ਼ਾਹਿਤ ਕਰਨ ਲਈ ਉੱਤਰ ਪ੍ਰਦੇਸ਼ ਉਰਦੂ, ਅਰਬੀ, ਫਾਰਸੀ ਯੂਨੀਵਰਸਿਟੀਆਂ ਦੀ ਲਖਨਊ ਵਿਚ ਸਥਾਪਨਾ ਦਾ ਫੈਸਲਾ।
- ਸੂਬੇ ਦੀ ਦੂਸਰੀ ਬਹੁਪੱਖੀ ਯੂਨੀਵਰਸਿਟੀ ਗਰੇਟਰ ਨੋਇਡਾ ਵਿਚ ਸਥਾਪਤ ਕਰਨ ਦਾ ਫੈਸਲਾ। ਯੂਨੀਵਰਸਿਟੀ ਦਾ ਨਾਂਅ ਮਹਾਂਮਾਇਆ ਪ੍ਰਾਵਿਧਿਕ ਯੂਨੀਵਰਸਿਟੀ ਕਰਨ ਦਾ ਫੈਸਲਾ।
- ਗਰੇਟਰ ਨੋਇਡਾ ਵਿਚ 3 ਅਰਬ ਰੁਪਏ ਦੀ ਲਾਗਤ ਨਾਲ ਗੌਤਮਬੁੱਧ ਯੂਨੀਵਰਸਿਟੀ ਦੀ ਸਥਾਪਨਾ।
- ਗੌਤਮ ਬੁੱਧ ਯੂਨੀਵਰਸਿਟੀ ਦੇਸ਼ ਦੀ ਪਹਿਲੀ ਯੂਨੀਵਰਸਿਟੀ ਹੈ, ਜਿਥੇ ਖੋਜ ਲਈ ਅਨੁਚਿਤ ਜਾਤੀ/ਜਨਜਾਤੀ ਅਤੇ ਹੋਰ ਪੱਛੜੇ ਵਰਗ, ਧਾਰਮਿਕ, ਘੱਟ ਗਿਣਤੀ ਅਤੇ ਆਮ ਵਰਗ ਨੂੰ ਗਰੀਬੀ ਦੀ ਰੇਖਾ ਤੋਂ ਹੇਠਾਂ ਦੀ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਸਰਕਾਰੀ ਖਰਚੇ 'ਤੇ ਵਿਦੇਸ਼ਾਂ ਵਿਚ, ਖਾਸ ਰੂਪ ਵਿਚ ਡੈਨਮਾਰਕ ਯੂਨੀਵਰਸਿਟੀ ਵਿਚ ਵੀ ਉੱਚ-ਸਿੱਖਿਆ ਪ੍ਰਾਪਤ ਕਰਨ ਦੀ ਸਹੂਲਤ ਅਤੇ ਰਾਖਵੇਂਕਰਨ ਦੀ ਆਮ ਵਿਵਸਥਾ।
- ਅਮਰੋਹਾ, ਮੁਰਾਦਾਬਾਦ ਵਿਚ ਅਨੁਸੂਚਿਤ ਜਾਤੀ/ਜਨਜਾਤੀ ਲਈ ਡਾ. ਅੰਬੇਡਕਰ ਹੋਸਟਲ ਦਾ ਨਿਰਮਾਣ।
- ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ/ਵਿਦਿਆਰਥਣਾਂ ਲਈ ਮਊ, ਕਰਵੀ, ਨਰੈਣੀ, ਉਰਈ, ਆਜਮਗੜ੍ਹ, ਕਾਲਪੀ, ਮਹਾਰਾਜਗੰਜ ਅਤੇ ਬਦਾਊਂ ਵਿਚ ਹੋਸਟਲਾਂ ਦਾ ਨਿਰਮਾਣ ਅਤੇ 53 ਨਵੇਂ ਹੋਸਟਲ ਬਣਾਉਣ ਦੀ ਮਨਜ਼ੂਰੀ ਅਤੇ ਪੁਰਾਣੇ ਹੋਸਟਲਾਂ ਤੋਂ ਨਜਾਇਜ਼ ਕਬਜ਼ੇ ਹਟਾਉਣ ਦੇ ਹੁਕਮ।
- ਪਹਿਲੀ ਵਾਰ ਅਨੁਸੂਚਿਤ ਜਾਤੀ, ਜਨਜਾਤੀ ਦੇ 8ਵੀਂ ਕਲਾਸ ਤੱਕ ਦੇ ਸਾਰੇ ਵਿਦਿਆਰਥੀ/ਵਿਦਿਆਰਥਣਾਂ ਨੂੰ ਵਜ਼ੀਫੇ ਦੇਣ ਦਾ ਫੈਸਲਾ। ਸਾਲ ਭਰ ਦੇ ਵਜ਼ੀਫੇ ਦਾ ਭੁਗਤਾਨ ਸੈਸ਼ਨ ਦੇ ਸ਼ੁਰੂ ਵਿਚ ਹੀ ਕੀਤੇ ਜਾਣ ਦਾ ਫੈਸਲਾ। ਲਾਭ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ 36 ਲੱਖ ਤੋਂ ਵਧ ਕੇ 72 ਲੱਖ ਹੋਈ। ਇਸ ਲਈ 111 ਕਰੋੜ ਰੁਪਏ ਦਾ ਵੱਖਰਾ ਪ੍ਰਬੰਧ ਕੀਤਾ ਗਿਆ।
- ਮੁੱਖ ਮੰਤਰੀ ਕੁਮਾਰੀ ਮਾਇਆਵਤੀ ਦੇ ਦੂਸਰੇ ਸ਼ਾਸਨਕਾਲ ਵਿਚ ਸੱਤਾ ਸੰਭਾਲਣ ਦੇ ਤੁਰੰਤ ਬਾਅਦ ਘੱਟ ਗਿਣਤੀ ਵਿਦਿਆਰਥੀਆਂ ਦੇ ਵਜ਼ੀਫੇ ਦੁੱਗਣੇ ਕੀਤੇ ਗਏ।
- ਪੱਛੜੇ ਵਰਗ ਦੇ ਵਿਦਿਆਰਥੀਆਂ ਦੇ ਵਜ਼ੀਫੇ ਦੀ ਦਰ ਵਧਾ ਕੇ ਦੁੱਗਣੀ ਕੀਤੀ ਗਈ। ਇਸ ਦੇ ਨਾਲ ਹੀ ਪੱਛੜੇ ਵਰਗ ਦੇ ਵਿਦਿਆਰਥੀਆਂ ਦੀ ਫੀਸ ਪ੍ਰਤੀਪੂਰਤੀ ਲਈ ਭਾਰਤ ਸਰਕਾਰ ਨੂੰ ਅਪੀਲ।
- ਵਜ਼ੀਫੇ ਵੰਡਣ ਦੀ ਯੋਜਨਾ ਤਹਿਤ 87,23000 ਅਨੁਸੂਚਿਤ ਜਾਤੀ ਅਤੇ ਵਿਮੁਕਤ ਜਾਤੀ ਦੇ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣ ਦੀ ਯੋਜਨਾ।
- ਅਨੁਸੂਚਿਤ ਜਾਤੀ/ਜਨਜਾਤੀ ਅਤੇ ਜਨਰਲ ਵਰਗ ਦੇ ਪਹਿਲੀ ਕਲਾਸ ਤੋਂ ਦਸਵੀਂ ਤੱਕ ਦੀ ਪੜ੍ਹਾਈ ਦੌਰਾਨ 4,18,46,296 ਵਿਦਿਆਰਥੀਆਂ ਨੂੰ ਪਿਛਲੇ 3 ਸਾਲਾਂ ਵਿਚ 1641.09 ਕਰੋੜ ਰੁਪਏ ਦੇ ਵਜ਼ੀਫੇ ਵੰਡੇ ਗਏ, ਜਿਸ ਵਿਚ ਭਾਰਤ ਸਰਕਾਰ ਦਾ ਕੋਈ ਯੋਗਦਾਨ ਨਹੀਂ ਹੈ।
- ਸਾਲ 2002-03 ਤੋਂ ਭਾਰਤ ਸਰਕਾਰ ਦੀਆਂ ਦਰਾਂ ਦੇ ਅਨੁਸਾਰ ਦਸਵੀਂ ਉਪਰੰਤ ਵਜ਼ੀਫਿਆਂ ਦੀ ਵੰਡ।
- ਪਿਛਲੇ ਤਿੰਨ ਸਾਲਾਂ ਵਿਚ ਦਸਵੀਂ ਤੋਂ ਉਪਰ ਦੀਆਂ ਕਲਾਸਾਂ ਵਿਚ ਪੜ੍ਹਾਈ ਲਈ ਅਨੁਸੂਚਿਤ ਜਾਤੀ/ਜਨਜਾਤੀ ਦੇ 20,86,952 ਵਿਦਿਆਰਥੀਆਂ ਨੂੰ ਰੁਪਏ 1030.59 ਕਰੋੜ ਵਜ਼ੀਫੇ ਉਪਲਬਧ ਕਰਵਾਏ ਗਏ, ਜਿਸ ਵਿਚ ਭਾਰਤ ਸਰਕਾਰ ਦੁਆਰਾ ਸਿਰਫ 300.67 ਕਰੋੜ ਰੁਪਏ ਦਾ ਯੋਗਦਾਨ ਦਿੱਤਾ ਗਿਆ।
- ਸਾਰੇ ਵਰਗਾਂ ਦੇ ਅੰਡਰ ਮੈਟ੍ਰਿਕ ਅਤੇ ਦਸਵੀਂ ਪਾਸ ਵਿਦਿਆਰਥੀ/ਵਿਦਿਆਰਥਣਾਂ ਦੇ ਵਜ਼ੀਫੇ ਦਾ ਕੰਪਿਊਟਰੀਕਰਨ ਕਰਕੇ ਬੈਂਕਾਂ ਰਾਹੀਂ ਉਨ੍ਹਾਂ ਦੇ ਖਾਤਿਆਂ ਵਿਚ ਸਿੱਧੇ ਵਜ਼ੀਫੇ ਤਬਦੀਲ ਕਰਨ ਦੀ ਵਿਵਸਥਾ।
- ਉਚ ਸਿੱਖਿਆ ਦੇ ਪ੍ਰਸਾਰ ਅਤੇ ਇਸ ਵਿਚ ਗੁਣਾਤਮਿਕ ਸੁਧਾਰ ਲਿਆਉਣ ਦੇ ਉਦੇਸ਼ ਨਾਲ ਸੂਬੇ ਵਿਚ 12 ਸੂਬਾ ਯੂਨੀਵਰਸਿਟੀਆਂ, ਇਕ ਓਪਨ ਯੂਨੀਵਰਸਿਟੀ, 1 ਡੀਮਡ ਯੂਨੀਵਰਸਿਟੀ, 6 ਨਿੱਜੀ ਯੂਨੀਵਰਸਿਟੀਆਂ, 138 ਸਰਕਾਰੀ ਕਾਲਜ, 335 ਸਹਾਇਤਾ ਪ੍ਰਾਪਤ ਗੈਰ ਸਰਕਾਰੀ ਕਾਲਜ ਅਤੇ ਸਭ ਲਈ ਸਿੱਖਿਆ ਯੋਜਨਾ ਤਹਿਤ ਨਿੱਜੀ ਖੇਤਰ ਵਿਚ 2800 ਤੋਂ ਵਧੇਰੇ ਕਾਲਜਾਂ ਦਾ ਸੰਚਾਲਨ।
- ਡਾ. ਅੰਬੇਡਕਰ ਜਨਮ ਸ਼ਤਾਬਦੀ ਫਾਉਂਡੇਸ਼ਨ ਫੰਡ ਨਾਲ ਵਿਸ਼ੇਸ਼ ਸਕਾਲਰਸ਼ਿਪ ਯੋਜਨਾ ਦੇ ਤਹਿਤ ਹਾਈ ਸਕੂਲ ਅਤੇ ਇੰਟਰ ਦੀ ਮਿਡਲ ਸਿੱਖਿਆ ਪ੍ਰੀਸ਼ਦ ਦੀ ਪ੍ਰੀਖਿਆ ਵਿਚੋਂ ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਅਨੁਸੂਚਿਤ ਜਾਤੀ/ਜਨਜਾਤੀ ਦੇ 100-100 ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੇ ਜਾਣ ਦੀ ਵਿਵਸਥਾ। ਹਾਈ ਸਕੂਲ ਪ੍ਰੀਖਿਆ ਵਿਚ ਸਭ ਤੋਂ ਵੱਧ ਅੰਕ ਪ੍ਰਾਪਤ ਕਰਨ 'ਤੇ ਅਗਲੇ ਕਲਾਸ ਵਿਚ ਪੜ੍ਹਾਈ ਲਈ 250 ਰੁਪਏ ਮਹੀਨੇ ਦੀ ਦਰ ਨਾਲ 10 ਮਹੀਨੇ ਲਈ 2500 ਰੁਪਏ ਸਾਲਾਨਾ ਅਤੇ ਇੰਟਰ ਤੋਂ ਅੱਗੇ ਦੀ ਕਲਾਸ ਵਿਚ 350 ਰੁਪਏ ਮਹੀਨਾ ਦੀ ਦਰ ਨਾਲ ਦਸ ਮਹੀਨੇ ਲਈ 3500 ਰੁਪਏ ਦੀ ਸਾਲਾਨਾ ਸਕਾਲਰਸ਼ਿਪ।
- ਕਲਾਸ ਪਹਿਲੀ ਤੋਂ 10ਵੀਂ ਤੱਕ ਦੀਆਂ ਕਲਾਸਾਂ ਵਿਚ ਪੜ੍ਹਨ ਵਾਲੇ ਅਨੁਸੂਚਿਤ ਜਾਤੀ/ਜਨਜਾਤੀਆਂ ਦੇ ਵਜ਼ੀਫੇ ਦੁੱਗਣੇ ਕੀਤੇ ਗਏ।
- ਕਲਾਸ 10ਵੀਂ ਤੱਕ ਦੇ ਵਿਦਿਆਰਥੀਆਂ ਦੇ ਵਜ਼ੀਫੇ ਲਈ ਯੋਗ ਹੋਣ ਹੇਤੂ ਮਾਪਿਆਂ ਦੀ ਮਾਸਿਕ ਆਮਦਨ ਹੱਦ 1000 ਤੋਂ ਵਧਾ ਕੇ 2500 ਰੁਪਏ ਪ੍ਰਤੀ ਮਹੀਨਾ ਕੀਤੀ ਗਈ।
- ਮਲੀਨ ਕੰਮਾਂ ਵਿਚ ਲੱਗੇ ਪਰਿਵਾਰਾਂ ਦੇ ਬੱਚਿਆਂ ਨੂੰ ਆਮ ਤੋਂ ਦੁੱਗਣੀ ਦਰ ਨਾਲ ਵਜ਼ੀਫੇ।
- ਦੇਸ਼ ਵਿਚ ਪਹਿਲੀ ਵਾਰ ਵੱਖ-ਵੱਖ ਸ਼੍ਰੇਣੀਆਂ ਦੇ ਅੰਗਹੀਣ ਵਿਦਿਆਰਥੀਆਂ ਨੂੰ ਗੁਣਾਤਮਿਕ ਸਿੱਖਿਆ ਦੇਣ ਲਈ ਡਾ. ਸ਼ਕੁੰਤਲਾ ਮਿਸ਼ਰਾ ਪੁਨਰਵਾਸ ਯੂਨੀਵਰਸਿਟੀ ਦੀ ਲਖਨਊ ਵਿਚ ਸਥਾਪਨਾ।
- ਮੇਰਠ ਵਿਚ ਨੇਤਰਹੀਣ ਬੱਚਿਆਂ ਅਤੇ ਲਖਨਊ ਅਤੇ ਗੋਰਖਪੁਰ ਵਿਚ ਨੇਤਰਹੀਣ ਬੱਚੀਆਂ ਵਾਸਤੇ ਇੰਟਰ ਕਾਲਜ ਦੀ ਸਥਾਪਨਾ।
- ਅੰਗਹੀਣ ਬੱਚਿਆਂ ਲਈ ਸਿੱਖਿਆ ਦਾ ਉਚਿਤ ਪ੍ਰਬੰਧ ਜਿਸ ਨਾਲ 388 ਵਿਕਾਸਖੰਡਾਂ ਨੂੰ ਲਾਭ ਹੋਇਆ।
- ਲਖਨਊ, ਝਾਂਸੀ, ਇਲਾਹਾਬਾਦ, ਵਾਰਾਣਸੀ, ਆਗਰਾ, ਸਹਾਰਨਪੁਰ, ਬਰੇਲੀ ਅਤੇ ਗੌਤਮਬੁੱਧ ਨਗਰ ਜਨਪਦ ਵਿਚ 3 ਤੋਂ 7 ਸਾਲ ਦੇ ਅੰਗਹੀਣ ਬੱਚਿਆਂ ਨੂੰ ਪ੍ਰੀ-ਸਕੂਲ ਰੇਡੀਨੈਸ ਲਈ ਬਚਪਨ ਡੇ ਕੇਅਰ ਸੈਂਟਰ ਸੰਚਾਲਿਤ।
- ਨੇਤਰਹੀਣ ਬੱਚੀਆਂ ਲਈ ਸੂਬੇ ਵਿਚ ਪਹਿਲਾ ਇੰਟਰ ਕਾਲਜ ਲਖਨਊ ਵਿਚ ਸਥਾਪਿਤ।
- ਜਨਪਦ ਲਖਨਊ ਵਿਚ ਨੇਤਰਹੀਣ ਵਿਦਿਆਰਥੀਆਂ ਲਈ ਟਾਕਿੰਗ ਬੁਕ ਸਟੂਡੀਓ ਦੀ ਸਥਾਪਨਾ।
- ਜਨਪਦ ਬਰੇਲੀ, ਮੇਰਠ ਅਤੇ ਗੋਰਖਪੁਰ ਵਿਚ ਮਾਨਸਿਕ ਮੰਦਬੁੱਧੀ ਬੱਚਿਆਂ ਦੇ ਲਈ ਮਾਨਸਿਕ ਆਸ਼ਰਮ ਗ੍ਰਹਿ ਸਹਿ-ਸਿਖਲਾਈ ਕੇਂਦਰ ਦੀ ਸਥਾਪਨਾ।
- ਦੇਸ਼ ਵਿਚ ਪਹਿਲੀ ਵਾਰ ਮੁੱਖ ਮੰਤਰੀ ਕੁਮਾਰੀ ਮਾਇਆਵਤੀ ਦੇ ਪਹਿਲੇ ਸ਼ਾਸਨਕਾਲ ਵਿਚ ਘੱਟਗਿਣਤੀ ਵਿਦਿਆਰਥੀਆਂ ਲਈ ਸਕਾਲਰਸ਼ਿਪ ਯੋਜਨਾ ਉੱਤਰ ਪ੍ਰਦੇਸ਼ ਵਿਚ ਲਾਗੂ ਕੀਤੀ ਗਈ।
- ਸੂਬੇ ਵਿਚ ਪਹਿਲੀ ਵਾਰ ਉੱਤਰ ਪ੍ਰਦੇਸ਼ ਮਦਰੱਸਾ ਸਿੱਖਿਆ ਬੋਰਡ ਦਾ ਗਠਨ। ਪਿਛਲੇ ਇਕ ਸਾਲ ਵਿਚ 169 ਮਦਰੱਸਿਆਂ ਨੂੰ ਮਾਨਤਾ ਦਿੱਤੀ ਗਈ।
- ਸਥਾਈ ਮਾਨਤਾ ਪ੍ਰਾਪਤ 100 ਨਵੇਂ ਮਦਰੱਸੇ ਸਾਲ ਬਾਅਦ ਗਰਾਂਟ ਸੂਚੀ ਵਿਚ ਸ਼ਾਮਿਲ।
- ਉਰਦੂ ਅਧਿਆਪਕਾਂ ਦੀ ਭਰਤੀ 'ਤੇ ਲੱਗੀ ਰੋਕ ਦੇ ਵਿਰੁੱਧ ਸਹੀ ਹਲਫਨਾਮੇ ਦਾਖਲ ਕਰਕੇ ਕਾਰਵਾਈ ਬਹਾਲ ਕੀਤੀ ਗਈ, ਜਿਸ ਨਾਲ 5000 ਉਰਦੂ ਅਧਿਆਪਕਾਂ ਦੀ ਨਿਯੁਕਤੀ ਦਾ ਰਸਤਾ ਸਾਫ ਹੋਇਆ।
- ਮਦਰੱਸਿਆਂ ਦੀ ਰਜਿਸਟ੍ਰੇਸ਼ਨ ਲਈ 3 ਸਾਲ ਪਹਿਲਾਂ ਉਚਿਤ ਤਰੀਕੇ ਨਾਲ ਰਜਿਸਟਰਡ ਹੋਣ ਦੀ ਸ਼ਰਤ ਸਮਾਪਤ।
- ਮੁਸਲਿਮ ਬਹੁ ਗਿਣਤੀ ਖੇਤਰਾਂ ਵਿਚ 964 ਪ੍ਰਾਇਮਰੀ ਅਤੇ 1212 ਹਾਈ ਸਕੂਲਾਂ ਦੀ ਸਥਾਪਨਾ ਜਿਨ੍ਹਾਂ ਵਿਚ ਲੜਕੀਆਂ ਲਈ 100 ਨਵੇਂ ਸਕੂਲਾਂ ਦੀ ਸਥਾਪਨਾ ਵੀ ਸ਼ਾਮਿਲ ਹੈ।
- ਸੂਬੇ ਵਿਚ 22 ਜਨਪਦਾ ਦੇ ਘੱਟ ਗਿਣਤੀ ਬਹੁ ਵਸੋਂ ਵਾਲੇ ਖੇਤਰਾਂ ਵਿਚ 51 ਸਰਕਾਰੀ ਮਿਡਲ ਸਕੂਲ ਖੋਲਣ ਦਾ ਫੈਸਲਾ।
- 50 ਮਦਰੱਸਿਆਂ ਵਿਚ ਕੰਪਿਊਟਰ ਸਾਖਰਤਾ ਪ੍ਰੋਗਰਾਮ ਸੰਚਾਲਿਤ।
- ਘੱਟਗਿਣਤੀਆਂ ਦੇ 10ਵੀਂ ਕਲਾਸ ਤੱਕ ਦੇ ਵਿਦਿਆਰਥੀਆਂ/ਵਿਦਿਆਰਥਣਾਂ ਨੂੰ ਵਜ਼ੀਫਾ ਦੇਣ ਦੀ ਵਿਵਸਥਾ
- ਘੱਟਗਿਣਤੀ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਵਜ਼ੀਫੇ ਦੀ ਪਾਤਰਤਾ ਦੀ ਆਮਦਨ ਹੱਦ ਰੁਪਏ 18,800 ਤੋਂ ਵਧਾ ਕੇ ਰੁਪਏ ਇਕ ਲੱਖ ਸਾਲਾਨਾ ਕਰਨ ਦਾ ਫੈਸਲਾ।

## ਯੂ. ਪੀ. ਬੋਰਡ ਦੇ ਪ੍ਰੀਖਿਆਰਥੀਆਂ ਦੇ ਹਿਤ ਵਿਚ ਲਏ ਗਏ ਕ੍ਰਾਂਤੀਕਾਰੀ ਫੈਸਲੇ

- 6 ਵਿਸ਼ਿਆਂ ਵਿਚੋਂ ਕਿਸੇ 5 ਵਿਸ਼ਿਆਂ ਵਿਚ ਪਾਸ ਹੋਣ 'ਤੇ ਪ੍ਰੀਖਿਆਰਥੀ ਨੂੰ ਪਾਸ ਮੰਨਿਆ ਜਾਵੇਗਾ।
- ਗਣਿਤ, ਵਿਗਿਆਨ ਅਤੇ ਸਮਾਜਿਕ ਵਿਗਿਆਨ ਵਿਚ ਫੇਲ੍ਹ ਪ੍ਰੰਤੂ 6ਵੇਂ ਵਿਸ਼ੇ ਵਿਚ ਪਾਸ ਹੋਣ 'ਤੇ ਵਿਦਿਆਰਥੀ ਪਾਸ।
- ਹਰੇਕ ਵਿਸ਼ੇ ਦਾ ਕੇਵਲ ਇਕ ਪ੍ਰਸ਼ਨ ਪੱਤਰ ਹੋਵੇਗਾ।
- ਇਸ ਪ੍ਰਕਾਰ ਹਰੇਕ ਸਮੂਹ ਦੇ 6 ਵਿਸ਼ਿਆਂ ਦੀ ਪ੍ਰੀਖਿਆ ਸਿਰਫ 6 ਦਿਨਾਂ ਵਿਚ ਸਮਾਪਤ ਹੋ ਜਾਵੇਗੀ।
- 2 ਵਿਸ਼ਿਆਂ ਵਿਚ ਫੇਲ੍ਹ ਹੋਣ 'ਤੇ ਕਿਸੇ ਇਕ ਵਿਸ਼ੇ ਵਿਚ ਕੰਪਾਰਟਮੈਂਟ ਪ੍ਰੀਖਿਆ ਦੀ ਸਹੂਲਤ
- ਕੰਪਾਰਟਮੈਂਟ ਪ੍ਰੀਖਿਆ ਜੁਲਾਈ ਮਹੀਨੇ ਵਿਚ ਆਯੋਜਿਤ ਕੀਤੀ ਜਾਵੇਗੀ।
- ਨੰਬਰ ਕਾਰਡ ਵਿਚ ਕੰਪਾਰਟਮੈਂਟ ਪ੍ਰੀਖਿਆ ਦਾ ਵਰਣਨ ਨਹੀਂ ਕੀਤਾ ਜਾਵੇਗਾ।
- ਨੰਬਰ ਕਾਰਡ ਵਿਚ ਸ਼੍ਰੇਣੀ ਦਾ ਵਰਣਨ ਕੀਤੇ ਜਾਣ ਦੀ ਵਿਵਸਥਾ ਵੀ ਸਮਾਪਤ।
- ਨੰਬਰ ਕਾਰਡ ਵਿਚ ਵਿਸ਼ੇ ਵਾਰ ਕੇਵਲ ਪ੍ਰਾਪਤ ਅੰਕ ਦਰਸਾਏ ਜਾਣਗੇ।
- ਸ਼੍ਰੇਣੀ ਦੇ ਸਥਾਨ 'ਤੇ ਗਰੇਡ ਨੂੰ ਨੰਬਰ ਕਾਰਡ 'ਤੇ ਪ੍ਰਦਰਸ਼ਿਤ ਕੀਤਾ ਜਾਵੇਗਾ।
- ਜਿਨ੍ਹਾਂ ਵਿਸ਼ਿਆਂ ਵਿਚ ਪ੍ਰੀਖਿਆਰਥੀ ਪਾਸ ਹੋ ਚੁੱਕਾ ਹੈ, ਅਗਲੇ ਸਾਲ ਉਨ੍ਹਾਂ ਵਿਸ਼ਿਆਂ ਦੀ ਮੁੜ ਪ੍ਰੀਖਿਆ ਨਹੀਂ ਦੇਣੀ ਪਵੇਗੀ।
- 3 ਸਾਲਾਂ ਵਿਚ ਸਾਰੇ ਵਿਸ਼ਿਆਂ ਵਿਚ ਪਾਸ ਨਾ ਹੋਣ 'ਤੇ ਪ੍ਰੀਖਿਆਰਥੀ ਕੇਵਲ ਪ੍ਰਾਈਵੇਟ ਪ੍ਰੀਖਿਆਰਥੀ ਦੇ ਰੂਪ ਵਿਚ ਪ੍ਰੀਖਿਆ ਦੇ ਸਕਣਗੇ।

**"ਸਾਰੇ ਸਿੱਖਿਅਤ ਹੋਣ ਬਾਬਾ ਸਾਹਿਬ ਡਾ. ਅੰਬੇਡਕਰ ਦਾ ਸੁਪਨਾ ਹੋਵੇ ਸਾਕਾਰ,
ਇਸੇ ਉਦੇਸ਼ ਦੀ ਪੂਰਤੀ ਵਿਚ ਲੱਗੀ ਹੋਈ ਹੈ ਇਹ ਸਰਕਾਰ"**

ਸੂਚਨਾ ਅਤੇ ਜਨਸੰਪਰਕ ਵਿਭਾਗ, ਉੱਤਰ ਪ੍ਰਦੇਸ਼